# 9. ਸ੍ਵੈਜੀਵਨੀ ਅੰਸ਼  ' ਮੇਰਾ ਨਾਮਕਰਨ ' ਪ੍ਰਭਜੋਤ ਕੌਰ

1. ਪ੍ਰਸ਼ਨ :ਲੇਖਕਾ ਦਾ ਜਨਮ ਕਿੱਥੇ ਹੋਇਆ ?

ਉੱਤਰ: ਲੇਖਕਾ ਦਾ ਜਨਮ ਪਿੰਡ ਲੰਗੜਿਆਲ ( ਹੁਣ ਪਾਕਿਸਤਾਨ ) ਵਿੱਚ ਹੋਇਆ ।

2. ਪ੍ਰਸ਼ਨ: ਲੇਖਕਾ ਦੇ ਪਿਤਾ ਜੀ ਕੀ ਕੰਮ ਕਰਦੇ ਸਨ ?

ਉੱਤਰ: ਲੇਖਕਾ ਦੇ ਪਿਤਾ ਜੀ ਮਿਲਟਰੀ ਫ਼ਾਰਮਜ਼ ਦੇ ਖ਼ਜ਼ਾਨਚੀ ਸਨ

3ਪ੍ਰਸ਼ਨ:ਲੇਖਕਾ ਦੇ ਮਾਤਾ ਪਿਤਾ ਨੇ ਉਸ ਦਾ ਕੀ ਨਾਂ ਰੱਖਿਆ ਸੀ ?

ਉੱਤਰ : ਲੇਖਕਾ ਦੇ ਮਾਤਾ ਪਿਤਾ ਨੇ ਉਸ ਦਾ ਨਾਂ ਮੋਤੀਆਂ ਰੱਖਿਆ ਸੀ ।

ਸਹੀ/ ਗਲਤ

4.ਲੇਖਕਾ ਨੂੰ ਮੋਤੀਆ ਨਾਂ ਬਹੁਤ ਪਸੰਦ ਸੀ ।

ਉੱਤਰ: ਗ਼ਲਤ ।

5.ਪ੍ਰਸ਼ਨ :ਲੇਖਕਾ ਦੀ ਜ਼ਿੱਦ ਅੱਗੇ ਝੁਕਦਿਆਂ ਉਸ ਦੇ ਮਾਪਿਆਂ ਵੱਲੋਂ ਉਸ ਦੇ ਨਾਮ ਕਰਨ ਲਈ ਅਖੰਡ ਪਾਠ ਰਖਵਾਇਆ ਗਿਆ ।

ਉੱਤਰ : ਸਹੀ ।

ਖਾਲੀ ਸਥਾਨ ਭਰੋ :--

6. ਲੇਖਕਾ ਨੂੰ ਲਾਹੌਰ ਦੇ <u>ਖਾਲਸਾ ਗਰਲਜ਼</u> ਸਕੂਲ ਵਿੱਚ ਦਾਖ਼ਲ ਕਰਾਉਣ ਦਾ ਫ਼ੈਸਲਾ ਹੋਇਆ ।

4. <u>ਮਹਾਤਮਾ ਗਾਂਧੀ</u> ਦੀ ਆਪਣੀ ਹੀ ਇੱਕ ਧੁਨ ਸੀ - ਅਹਿੰਸਾ ।

5.ਸਿੰਘ ਸਭੀਏ ਤੇ ਆਰੀਆ ਸਮਾਜੀ ਸਮਾਜ ਵਿੱਚ ਫੈਲ ਰਹੀ <u>ਦੁਰਗਤੀ</u> ਨੂੰ ਠੀਕ ਕਰਨ ਲਈ ਨਾਅਰੇ ਲਾ ਰਹੇ ਸਨ ।

6.ਪ੍ਰਸ਼ਨ :ਲੇਖਕਾ ਦੇ ਜਨਮ ਦੀ ਖ਼ੁਸ਼ੀ ਵਿੱਚ ਉਸ ਦੇ ਦਾਦਾ ਜੀ ਨੇ ਸਾਰੇ ਪਿੰਡ ਵਿੱਚ ਵੰਡਣ ਲਈ ਕਿਹਾ ।

ਉੱਤਰ : ਮਿਸ਼ਰੀ ਦਾ ਕੜਾਹ ।

7.ਪ੍ਰਸ਼ਨ ਖਰਚਣ ਲਈ ਮਿਲੇ ਚਾਰ ਆਨਿਆਂ ਦਾ ਲੇਖਕਾ ਨੇ ਕੀ ਖਰੀਦਿਆ ?

ਉੱਤਰ : ਰੰਗ-ਬਰੰਗੇ ਭੁਕਾਨੇ ।

8.ਪ੍ਰਸ਼ਨ:ਆਪ ਬੀਤੀਆਂ ਪੁਸਤਕ ਵਿੱਚ ਦਰਜ ਸ੍ਵੈਜੀਵਨੀ ਅੰਸ਼ ਮੇਰਾ 'ਨਾਮ ਕਰਨ 'ਦਾ ਲੇਖਕ ਕੌਣ ਹੈ ?

ਉੱਤਰ :ਪ੍ਰਭਜੋਤ ਕੌਰ ।

ਪ੍ਰਸ਼ਨ :'ਮੇਰਾ ਨਾਮ ਕਰਨ' ਸ੍ਵੈਜੀਵਨੀ ਅੰਸ਼ ਲੇਖਕਾ ਦੀ ਕਿਸ ਰਚਨਾ ਵਿੱਚੋਂ ਲਿਆ ਗਿਆ ਹੈ ?

ਉੱਤਰ :ਜੀਣਾ ਵੀ ਇੱਕ ਅਦਾ ਹੈ ।

ਅ : ਦੱਸੋ

1.ਪ੍ਰਸ਼ਨ :ਲੇਖਕਾ ਦੇ ਜਨਮ ਉਪਰੰਤ ਉਸ ਦੇ ਘਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਪ੍ਰਤੀਕਿਰਿਆ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ?

ਪੱਤਰ : ਜਦੋਂ ਲੇਖਕਾ ਦਾ ਜਨਮ ਹੋਇਆ ਤਾਂ ਪਿੰਡ ਦੀਆਂ ਜ਼ਨਾਨੀਆਂ, ਚਾਚੀਆਂ, ਤਾਈਆਂ ਤੇ ਗੁਆਂਢਣਾਂ ਨੇ ਹਾਏ-ਹਾਏ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਲੇਖਕਾ ਆਪਣੇ ਮਾਪਿਆਂ ਦੇ ਘਰ ਜਨਮ ਲੈਣ ਵਾਲੀ ਤੀਜੀ ਕੁੜੀ ਸੀ। ਭਾਵੇਂ ਲੇਖਕਾ ਤੋਂ ਵੱਡੀ ਇੱਕ ਕੁੜੀ ਮਰ ਚੁੱਕੀ ਸੀ ਪਰ ਰਿਸ਼ਤੇਦਾਰ ਔਰਤਾਂ ਸੋਗ ਮਨਾ ਰਹੀਆਂ ਸਨ। ਉਨ੍ਹਾਂ ਦੀ ਹਾਏ- ਹਾਏ ਸੁਣ ਕੇ ਲੇਖਕਾ ਦੀ ਮਾਂ ਵੀ ਰੋਂਦੀ ਹੋਈ ਉਸ ਵੱਲ ਪਿੱਠ ਕਰਕੇ ਲੇਟ ਗਈ। ਲੇਖਕਾ ਦੇ ਦਾਦਾ ਜੀ ਨੇ ਆ ਕੇ ਸਾਰੀਆਂ ਔਰਤਾਂ ਨੂੰ ਘਰੋਂ ਕੱਢ ਦਿੱਤਾ ਤੇ ਕਿਹਾ ਕਿ ਕੁੜੀ ਦੇ ਮੱਥੇ ਉੱਤੇ ਸੱਤ ਭਾਗ ਹੁੰਦੇ ਹਨ ਤੇ ਇਹ ਹਾਏ -ਹਾਏ ਕਰਕੇ ਉਸ ਨੂੰ ਮਿਟਾ ਰਹੀਆਂ ਹਨ। ਉਨ੍ਹਾਂ ਨੇ ਦਾਦੀ ਜੀ ਨੂੰ ਮਿਸ਼ਰੀ ਦਾ ਕੜਾਹ ਬਣਾ ਕੇ ਸਾਰੇ ਪਿੰਡ ਵਿੱਚ ਵੰਡਣ ਲਈ ਕਿਹਾ ।

ਪ੍ਰਸ਼ਨ :ਲੇਖਕਾ ਨੂੰ ਮੋਤੀਆ ਨਾਂ ਪਸੰਦ ਕਿਉਂ ਨਹੀਂ ਸੀ ਉਸ ਦੇ ਨਾਮ ਕਰਨ ਦੀ ਘਟਨਾ ਬਾਰੇ ਵੀ ਦੱਸੋ ।

ਉੱਤਰ ਲੇਖਕਾ ਨੂੰ ਆਪਣਾ ਨਾਂ ਮੋਤੀਆ ਪਸੰਦ ਨਹੀਂ ਸੀ, ਕਿਉਂਕਿ ਉਹ ਕਹਿੰਦੀ ਕਿ ਉਹ ਕੋਈ ਫੁੱਲ ਨਹੀਂ ਹੈ ਜੋ ਇੱਕ ਜਾਂ ਦੋ ਦਿਨ ਤੋਂ ਵੱਧ ਜੀ ਨਾ ਸਕੇ । ਉਸ ਨੂੰ ਪਤਾ ਸੀ ਕਿ ਮੋਤੀਆ ਤਾਂ ਇੱਕੋ ਰਾਤ ਦਾ ਸ਼ਿੰਗਾਰ ਹੁੰਦਾ ਹੈ ਤੇ ਲੇਖਕਾ ਚਿਰੰਜੀਵੀ ਹੋਣਾ ਚਾਹੁੰਦੀ ਸੀ ।ਉਸ ਦੇ ਮਨ ਵਿੱਚ ਮਰਨ ਪਿੱਛੋਂ ਜਿਉਂਦੇ ਰਹਿਣ ਦੀ ਇੱਛਾ ਸੀ ।

ਜਦੋਂ ਲਾਹੌਰ ਆ ਕੇ ਲੇਖਕਾ ਨੂੰ ਖ਼ਾਲਸਾ ਗਰਲਜ਼ ਸਕੂਲ ਵਿੱਚ ਦਾਖਲ ਕਰਾਉਣ **ਦਾ ਫ਼ੈਸਲਾ ਹੋਇਆ** ਤਾਂ ਉਸ ਨੇ ਭੁੱਖ ਹੜਤਾਲ ਕਰ ਦਿੱਤੀ ।ਉਹ ਮੋਤੀਆਂ ਨਾਂ ਨਾਲ ਸਕੂਲ ਨਹੀਂ **ਜਾਣਾ** ਚਾਹੁੰਦੀ ਸੀ। ਉਸ ਨੂੰ ਆਪਣਾ ਵੱਖਰਾ ਜਿਹਾ ਨਾਂ ਚਾਹੀਦਾ ਸੀ **।ਜਿਸ** ਨਾਲ ਉਸ ਦੀ ਨਿਰਾਲੀ ਪਛਾਣ ਹੋਵੇ। ਲੇਖਕਾ ਦੀ ਜ਼ਿੱਦ ਅੱਗੇ ਝੁਕਦਿਆਂ ਉਸ ਦੇ ਘਰਦਿਆਂ ਨੇ ਅਖੰਡ ਪਾਠ ਰਖਵਾਇਆ ।ਵਾਕ ਲੈਣ 'ਤੇ **ਪ** ਅੱਖਰ ਨਿਕਲਿਆ। ਸੰਗਤ ਵਿੱਚੋਂ ਕਈ ਨਾਂ ਦੱਸੇ ਗਏ,ਪਰ ਲੇਖਕਾ ਨੂੰ ਕੋਈ ਪਸੰਦ ਨਾ ਆਇਆ ।ਅਖੀਰ ਲੇਖਕਾ ਦੇ ਪਿਤਾ ਦੇ ਦੋਸਤ ਸੰਤ ਸਿੰਘ ਨੇ ਪ੍ਰਭਜੀਤ ਨਾਂ ਕਿਹਾ। ਲੇਖਕਾ ਨੇ ਥੋੜ੍ਹਾ ਜਿਹਾ ਫ਼ਰਕ ਪਾ ਕੇ ਪ੍ਰਭਜੋਤ ਨਾਂ ਰੱਖਣ ਦਾ ਫੈਸਲਾ ਕੀਤਾ ।ਇਸ ਪ੍ਰਕਾਰ ਲੇਖਕਾ ਨੇ ਆਪਣਾ ਨਾਂ ਆਪ ਰੱਖ ਲਿਆ ।

ਪ੍ਰਸ਼ਨ :ਭਗਤ ਸਿੰਘ ਹੋਰਾਂ ਦੀ ਸ਼ਹੀਦੀ ਬਾਰੇ ਮੇਰਾ ਨਾਮ ਕਾਰਨ ਸਵੈ ਜੀਵਨੀ ਅੰਸ਼ ਵਿੱਚ ਜੋ ਵੇਰਵੇ ਦਿੱਤੇ ਗਏ ਹਨ ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ

ਉੱਤਰ ਲੇਖਕਾ ਦੱਸਦੀ ਹੈ ਕਿ ਉਹ ਅਜੇ ਸੱਤ ਸਾਲ ਦੀ ਨਹੀਂ ਹੋਈ ਸੀ। ਜਦੋਂ 23 ਮਾਰਚ 1931 ਨੂੰ ਭਗਤ ਸਿੰਘ ਹੋਰਾਂ ਨੂੰ ਫ਼ਾਂਸੀ ਦਿੱਤੀ ਗਈ। ਲੇਖਕਾ ਨੇ ਸੁਣਿਆ ਕਿ ਅੰਗਰੇਜ਼ ਸਰਕਾਰ ਨੇ ਨੌਜਵਾਨਾਂ ਨੂੰ ਚੋਰੀ- ਚੋਰੀ ਫਾਂਸੀ ਲਾ ਕੇ ਬੋਰੀਆਂ ਵਿਚ ਬੰਨ੍ਹ ਕੇ ਹੁਸੈਨੀਵਾਲਾ ਨੇੜੇ ਦੱਬ ਦਿੱਤਾ ।ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਖ਼ਬਰ ਨਹੀਂ ਕੀਤੀ ਗਈ ਸੀ ।ਉਸ ਦਿਨ ਸਭ ਦੇ ਚਿਹਰੇ ਉਦਾਸ ਤੇ ਸਹਿਮੇ ਹੋਏ ਸਨ ।ਕੁਝ ਸਾਫ਼ ਨਜ਼ਰ ਨਹੀਂ ਆ ਰਿਹਾ ਸੀ ।ਲੋਕਾਂ ਦੇ ਕਹਿਣ ਅਨੁਸਾਰ ਅੰਗਰੇਜ਼ੀ ਸਰਕਾਰ ਨੇ ਡਰ ਕਾਰਨ ਅਜਿਹਾ ਕੀਤਾ ਸੀ ਕਿਉਂਕਿ ਵਿਦਰੋਹ ਦੀ ਲਹਿਰ ਜ਼ੋਰ ਫੜ ਰਹੀ ਸੀ ।

ਪ੍ਰਸ਼ਨ :ਛੋਟੀ ਉਮਰ ਵਿੱਚ ਹੀ ਲੇਖਕਾ ਦੀਆਂ ਸਿਰਜਣਾਤਮਕ ਰੁਚੀਆਂ ਪਰਗਟ ਹੋਣੀਆਂ ਸ਼ੁਰੂ ਹੋ ਗਈਆਂ। ਇਸ ਕਥਨ ਨੂੰ ਸਪੱਸ਼ਟ ਕਰੋ ।

ਪੱਤਰ :ਲੇਖਕਾ ਦੀਆਂ ਸਿਰਜਣਾਤਮਕ ਰੁਚੀਆਂ ਛੋਟੀ ਉਮਰ ਵਿੱਚ ਹੀ ਪ੍ਰਗਟ ਹੋਣੀਆਂ ਸ਼ੁਰੂ ਹੋ ਗਈਆਂ ਸਨ ।ਇਸ ਕਥਨ ਦੀ ਪੁਸ਼ਟੀ ਕਈ ਗੱਲਾਂ ਤੋਂ ਹੁੰਦੀ ਹੈ ਜਿਵੇਂ ਘਰਦਿਆਂ ਨੇ ਲੇਖਕਾ ਦਾ ਨਾਂ ਮੋਤੀਆਂ ਰੱਖਿਆ ਸੀ ਪਰ ਉਸ ਨੂੰ ਇਹ ਨਾਂ ਪਸੰਦ ਨਹੀਂ ਸੀ। ਉਸ ਨੇ ਜ਼ਿੱਦ ਕਰਕੇ ਆਪਣਾ ਨਾਂ ਬਦਲਵਾ ਲਿਆ। ਫਿਰ ਗੁਰਪੁਰਬ ਵਿੱਚ ਲੇਖਕਾ ਨੇ ਇੱਕ ਕਵਿਤਾ ਬੋਲ ਕੇ ਬੜੀ ਵਾਹ-ਵਾਹ ਪ੍ਰਾਪਤ ਕੀਤੀ। ਲੇਖਕਾ ਆਪਣੀ ਸਕੂਲ ਦੀ ਤਖ਼ਤੀ 'ਤੇ ਕਾਪੀਆਂ ਉੱਤੇ ਕੁਝ ਨਾ ਕੁਝ ਲਿਖਦੀ ਰਹਿੰਦੀ। ਜਿਸ ਨੂੰ ਪੜ੍ਹ ਕੇ ਭੈਣ ਜੀ ਅਸ਼-ਅਸ਼ ਕਰ ਉੱਠਦੇ ਤੇ ਪੁੱਛਦੇ ਕਿ ਤੂੰ ਇਹ ਕਿਵੇਂ ਲਿਖ ਲੈਂਦੀ ਹੈ। ਤੈਨੂੰ ਇਹ ਸ਼ਬਦ ਕਿਸ ਨੇ ਸਿਖਾਏ ਹਨ। ਲੇਖਕਾ ਕਹਿੰਦੀ ਕਿ ਉਸ ਨੂੰ ਨਹੀਂ ਪਤਾ ਕਿ ਉਹ ਕਿਵੇਂ ਲਿਖ ਲੈਂਦੀ ਹੈ, ਇਹ ਸ਼ਬਦ ਉਸ ਨੂੰ ਆਪਣੇ ਆਪ ਸੁੱਝਦੇ ਹਨ। ਕੋਮਲ- ਕੋਮਲ ਤੇ ਲਿਸ਼-ਲਿਸ਼ ਕਰਦੇ ਸ਼ਬਦ ਲੇਖਕਾ ਦੀਆਂ ਅੱਖਾਂ ਸਾਹਮਣੇ ਤਿਲਕਦੇ, ਨੱਚਦੇ ਤੇ ਆਪਣਾ ਨਿਸ਼ਚਿਤ ਰੂਪ ਧਾਰਨ ਕਰ ਲੈਂਦੇ ।

ਪ੍ਰਸ਼ਨ :ਕੀ ਇਹ ਸੱਚਮੁੱਚ ਦਾ ਸੁਧਾਰ ਸੀ ਜਾਂ ਬਾਹਰ ਮੁਖੀ ਮਖੌਟਾ ?ਸਮਾਜ ਸੁਧਾਰਕ ਲਹਿਰਾਂ ਬਾਰੇ ਲੇਖਕਾ ਅਜਿਹਾ ਕਿਉਂ ਸੋਚਦੀ ਹੈ ।

ਉੱਤਰ :ਸਿੰਘ -ਸਭੀਏ ਤੇ ਆਰੀਆ- ਸਮਾਜੀ ਸਮਾਜ ਸੁਧਾਰਕ ਲਹਿਰਾਂ ਸਵਦੇਸ਼ੀ ਅਪਨਾਉਣ ,ਕੰਨ, ਨੱਕ ਨਾ ਵਿੰਨ੍ਹਣ ਜਨਮ-ਮਰਨ ਦੀਆਂ ਰਸਮਾਂ ਤੇ ਖ਼ਰਚ ਘਟਾਉਣ ਤੇ ਇਸਤਰੀ ਨੂੰ ਮਰਦ ਦੇ ਬਰਾਬਰ ਦਰਜਾ ਦੇਣ ਦੀ ਗੱਲ ਕਰਦੀਆਂ ਹਨ। ਪਰ ਲੇਖਕਾ ਇਸ ਨੂੰ ਬਾਹਰ ਮੁਖੀ ਮਖੌਟਾ ਇਸ ਲਈ ਕਹਿੰਦੀ ਹੈ ਕਿਉਂਕਿ ਜਿਨ੍ਹਾਂ ਕੋਲ ਪੈਸਾ ਹੈ ਉਹ ਖਰਚ ਜ਼ਰੂਰ ਕਰਦਾ। ਜਿਸ ਨੇ ਦਾਜ ਦੇਣਾ ਹੁੰਦਾ ਜ਼ਰੂਰ ਦਿੰਦਾ। ਪਰ ਜਿਸ ਕੋਲ ਦੇਣ ਲਈ ਕੁਝ ਨਾ ਹੁੰਦਾ, ਉਸ ਲਈ ਸਮਾਜ ਸੁਧਾਰ ਦਾ ਸਹਾਰਾ ਲੈਣਾ ਸੌਖਾ ਹੁੰਦਾ। ਲੇਖਕਾ ਸੋਚਦੀ ਕਿ ਇਨ੍ਹਾਂ ਸਮਾਜ ਸੁਧਾਰਕਾਂ ਵਿੱਚੋਂ ਕਿਸੇ ਨੇ ਵੀ ਮਾਤਾ ਪਿਤਾ ਦੀ ਜਾਇਦਾਦ ਉੱਤੇ ਪੁੱਤਰਾਂ ਵਾਂਗ ਧੀ ਦੇ ਹਿੱਸੇ ਦੀ ਗੱਲ ਨਹੀਂ ਕੀਤੀ ।

ਤਿਆਰ ਕਰਤਾ: ਰਾਜਵਿੰਦਰ ਕੌਰ

ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ

ਜਿਲ੍ਹਾ ਜਲੰਧਰ ।

ਸਹਾਇਕ ਸਮੱਗਰੀ: ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ ਆਪ ਬੀਤੀਆਂ।